THE Centre FOR CHILD DEVELOPMENT

# ਸੈਂਟਰ ਫਾਰ ਚਾਇਲਡ ਡਿਵੈਲਪਮੈਂਟ (ਬੱਚਿਆਂ ਦੇ ਵਿਕਾਸ ਲਈ ਕੇਂਦਰ)

*ਅਤੇ*

## ਲੁੱਕਆਊਟ ਪ੍ਰੀਸਕੂਲ

ਕਿਤਾਬਚਾ

www.centreforchilddevelopment.ca

*ਪਹਿਲਾਂ*
*ਸਾਊਥ ਫਰੇਜ਼ਰ ਚਾਇਲਡ ਡਿਵੈਲਪਮੈਂਟ ਸੈਂਟਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ*
*ਲੋਅਰ ਫਰੇਜ਼ਰ ਵੈਲੀ ਸੈਰਿਬਲ ਪਾਲਜ਼ੀ ਐਸੋਸੀਏਸ਼ਨ ਵਲੋਂ ਚਲਾਇਆ ਜਾਂਦਾ ਸੀ*

Handbook [Punjabi]

**ਸਾਡਾ ਇਤਿਹਾਸ**

ਲੋਅਰ ਫਰੇਜ਼ਰ ਵੈਲੀ ਸੈਰਿਬਲ ਪਾਲਜ਼ੀ ਐਸੋਸੀਏਸ਼ਨ (ਐੱਲ ਐੱਫ ਵੀ ਸੀ ਪੀ ਏ) 1953 ਵਿਚ ਮਾਪਿਆਂ ਦੇ ਇਕ ਗਰੁੱਪ ਵਲੋਂ ਬਣਾਈ ਗਈ ਸੀ ਜਿਨ੍ਹਾਂ ਦੇ ਬੱਚਿਆਂ ਨੂੰ ਲਕਵਾ ਸੀ। ਲੋਅਰ ਫਰੇਜ਼ਰ ਵੈਲੀ ਵਿਚ ਆਬਾਦੀ ਦੇ ਵਧਣ ਨਾਲ ਐਸੋਸੀਏਸ਼ਨ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਆਪਣੇ ਇਲਾਕੇ ਵਿਚ ਬੱਚਿਆਂ ਦੇ ਵਿਕਾਸ ਲਈ ਕੇਂਦਰ ਦੀ ਲੋੜ ਸੀ।

1973 ਵਿਚ ਆਧੁਨਿਕ ਇਲਾਜ ਲਈ ਸਥਾਨ ਦਾ ਸੁਫਨਾ ਬ੍ਰਿਟਿਸ਼ ਕੋਲੰਬੀਆ ਦੇ ਉਨ੍ਹਾਂ ਲੋਕਾਂ ਦੀ ਖੁੱਲਦਿਲੀ ਨਾਲ ਸਾਕਾਰ ਹੋਇਆ ਜਿਨ੍ਹਾਂ ਨੇ ਵਰਾਇਟੀ ਕਲੱਬ ਆਫ਼ ਬੀ ਸੀ ਟੈਲੀਥੋਂਨ ਵਲੋਂ ਹਰ ਸਾਲ ਇਕੱਠੇ ਕੀਤੇ ਜਾਣ ਵਾਲੇ ਫੰਡਾਂ ਵਿਚ ਯੋਗਦਾਨ ਪਾਇਆ। ਸੈਂਟਰ ਫਾਰ ਚਾਇਲਡ ਡਿਵੈਲਪਮੈਂਟ ਦੀ ਜਿਹੜੀ ਬਿਲਡਿੰਗ ਤੁਸੀਂ ਅੱਜ ਦੇਖ ਰਹੇ ਹੋ ਇਹ ਵਰਾਇਟੀ ਕਲੱਬ ਵਲੋਂ ਮਿਲੀ ਮਦਦ ਦਾ ਨਤੀਜਾ ਹੈ। ਸੈਂਟਰ ਨੂੰ ਪਹਿਲਾਂ ਸਾਊਥ ਫਰੇਜ਼ਰ ਚਾਇਲਡ ਡਿਵੈਲਪਮੈਂਟ ਸੈਂਟਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਜੋ ਕਿ ਲੋਅਰ ਫਰੇਜ਼ਰ ਵੈਲੀ ਸੈਰਿਬਲ ਪਾਲਜ਼ੀ ਐਸੋਸੀਏਸ਼ਨ ਦੀ ਮਾਲਕੀ ਸੀ ਅਤੇ ਇਸ ਵਲੋਂ ਚਲਾਇਆ ਜਾਂਦਾ ਸੀ।

**ਹੁਣ ਅਸੀਂ ਕੌਣ ਹਾਂ**

ਭਾਵੇਂ ਕਿ ਸੈਂਟਰ ਦੇ ਸਾਰੇ ਪਹਿਲੇ ਕਲਾਇੰਟਾਂ ਨੂੰ ਸੈਰਿਬਲ ਪਾਲਜ਼ੀ (ਲਕਵਾ) ਸੀ ਅਤੇ ਸੈਂਟਰ ਦੀਆਂ ਸੇਵਾਵਾਂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਣਾਈਆਂ ਗਈਆਂ ਸਨ, ਪਰ ਛੇਤੀ ਹੀ ਇਹ ਮਹਿਸੂਸ ਹੋ ਗਿਆ ਕਿ ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਵਾਲੇ ਹੋਰ ਬੱਚਿਆਂ ਨੂੰ ਵੀ ਆਪਣੀ ਕਮਿਉਨਟੀ ਵਿਚ ਇਨ੍ਹਾਂ ਸੇਵਾਵਾਂ ਤੋਂ ਫਾਇਦਾ ਹੋਵੇਗਾ। ਸੈਂਟਰ ਹੁਣ ਵਿਕਾਸ ਨਾਲ ਸੰਬੰਧਿਤ ਕਈ ਡਿਸਏਬਿਲਟੀਜ਼ ਅਤੇ ਖਾਸ ਲੋੜਾਂ ਵਾਲੇ ਬੱਚਿਆਂ ਦੀ ਮਦਦ ਕਰਦਾ ਹੈ। ਸਾਨੂੰ ਆਪਣੇ ਅਤੀਤ ਅਤੇ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਹੈ। ਸਾਨੂੰ ਵਧ ਰਹੀ ਆਬਾਦੀ ਦੀਆਂ ਚੁਣੌਤੀਆਂ ਪੂਰੀਆਂ ਕਰਨ ਲਈ ਤਾਂਘ ਨਾਲ ਉਡੀਕ ਹੈ।

## ਸਾਡੇ ਫੰਡ

ਸੇਵਾਵਾਂ ਲਈ ਫੰਡ, ਮੁਢਲੇ ਤੌਰ 'ਤੇ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (ਬੱਚਿਆਂ ਅਤੇ ਪਰਿਵਾਰਾਂ ਦੇ ਵਿਕਾਸ ਦੇ ਮਹਿਕਮੇ), ਯੂਨਾਈਟਡ ਵੇਅ ਅਤੇ ਸਾਡੇ ਵਲੋਂ ਇਕੱਠੇ ਕੀਤੇ ਗਏ ਡਾਲਰਾਂ ਤੋਂ ਮਿਲਦੇ ਹਨ। ਹੋਰ ਫੰਡ, ਬੀ.ਸੀ. ਮੈਡੀਕਲ ਸਰਵਿਸਿਜ਼ ਪਲੈਨ, ਬੀ.ਸੀ. ਮਨਿਸਟਰੀ ਫਾਰ ਹਿਊਮਨ ਰੀਸੋਰਸਿਜ਼, ਇਨਸ਼ੋਰੈਂਸ ਕਾਰਪੋਰੇਸ਼ਨ ਆਫ ਬੀ.ਸੀ. (ਆਈ ਸੀ ਬੀ ਸੀ), ਬੀ.ਸੀ. ਕਮਿਊਨਟੀ ਬਰੇਨ ਇੰਜਰੀ ਪ੍ਰੋਗਰਾਮ, ਐਕਸਟੈਂਡਿਡ ਹੈਲਥ ਇਨਸ਼ੋਰੈਂਸ ਵਾਲਿਆਂ ਅਤੇ ਸੇਵਾਵਾਂ ਲਈ ਕੁਝ ਫੀਸਾਂ ਤੋਂ ਮਿਲਦੇ ਹਨ।

## ਅਸੀਂ ਕੀ ਕਰਦੇ ਹਾਂ

ਸੈਂਟਰ ਫਾਰ ਚਾਇਲਡ ਡਿਵੈਲਪਮੈਂਟ ਦਾ ਮੰਤਵ ਇਕ ਅਜਿਹੀ ਥਾਂ ਬਣਨਾ ਹੈ ਜਿੱਥੇ ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਵਾਲੇ ਬੱਚਿਆਂ ਅਤੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਪੂਰੀਆਂ ਹੋ ਸਕਣ ਅਤੇ ਖਿਆਲ ਰੱਖਣ ਵਾਲੇ ਮਾਹੌਲ ਵਿਚ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾ ਸਕਣ।

## ਸਾਡੀਆਂ ਕਦਰਾਂ-ਕੀਮਤਾਂ

ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਵਾਲੇ ਬੱਚਿਆਂ ਅਤੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੇਵਾਵਾਂ ਦਾ ਪ੍ਰਬੰਧ ਅੱਗੇ ਦਿੱਤੇ ਸਿਧਾਂਤਾਂ 'ਤੇ ਆਧਾਰਿਤ ਹੋਵੇਗਾ:

- ਵਿਕਾਸ ਨਾਲ ਸੰਬੰਧਿਤ ਡਿਸਏਬਿਲਟੀ ਵਾਲੇ ਸਾਰੇ ਬੱਚਿਆਂ ਅਤੇ ਜਵਾਨਾਂ ਨੂੰ ਉੱਚ ਪੱਧਰ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਹੱਕ ਹੈ, ਜਿਹੜੇ ਸਰੀਰਕ, ਸਮਾਜਿਕ, ਜਜ਼ਬਾਤੀ ਅਤੇ ਬੌਧਿਕ ਵਿਕਾਸ ਵਿਚ ਉਨ੍ਹਾਂ ਦੀ ਮਦਦ ਕਰਦੇ ਹਨ।
- ਪ੍ਰੋਗਰਾਮ ਅਤੇ ਸੇਵਾਵਾਂ ਕਮਿਊਨਟੀ-ਆਧਾਰਿਤ, ਡਿਸਏਬਿਲਟੀ ਵਾਲੇ ਬੱਚਿਆਂ ਨੂੰ ਕਮਿਊਨਟੀ ਨਾਲ ਜੋੜਣ ਵਾਲੇ, ਸੌਖ ਨਾਲ ਮਿਲਣ ਵਾਲੇ, ਅਤੇ ਬੱਚਿਆਂ ਅਤੇ ਜਵਾਨਾਂ, ਮਾਪਿਆਂ ਅਤੇ ਸੰਸਥਾਵਾਂ ਦੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਤਿਆਰ ਕੀਤੇ ਗਏ ਹੋਣੇ ਚਾਹੀਦੇ ਹਨ।
- ਅਸਰਦਾਰ ਪ੍ਰੋਗਰਾਮ ਅਤੇ ਸੇਵਾਵਾਂ, ਸੰਭਾਲ ਦੀ ਪਰਿਵਾਰ ਕੇਂਦਰਿਤ ਪਹੁੰਚ ਦੀ ਵਰਤੋਂ ਨਾਲ ਬੱਚਿਆਂ ਅਤੇ ਜਵਾਨਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ।
- ਪ੍ਰੋਗਰਾਮ ਅਤੇ ਸੇਵਾਵਾਂ, ਸਹਿਯੋਗੀ ਟੀਮ ਦੀਆਂ ਕੋਸ਼ਿਸ਼ਾਂ ਰਾਹੀਂ ਦਿੱਤੇ ਜਾਣਗੇ ਜਿਸ ਵਿਚ ਬੱਚੇ ਅਤੇ ਜਵਾਨ, ਮਾਪੇ ਅਤੇ ਪੇਸ਼ਾਵਰ ਲੋਕ ਬਰਾਬਰਤਾ ਅਤੇ ਆਪਸੀ ਆਦਰ ਦੇ ਮਾਹੌਲ ਵਿਚ ਕੰਮ ਕਰਨਗੇ।

## ਅਸੀਂ ਕਿਨ੍ਹਾਂ ਨੂੰ ਸੇਵਾਵਾਂ ਦਿੰਦੇ ਹਾਂ

**ਡਿਸਏਬਿਲਟੀਜ਼ ਵਾਲੇ ਬੱਚਿਆਂ ਅਤੇ ਜਵਾਨਾਂ ਨੂੰ (ਉਮਰ 0–19 ਸਾਲ)**

ੳ) ਯੋਗਤਾ/ਹੁਨਰ/ਗਿਆਨ – ਕਈ ਤਰ੍ਹਾਂ ਦੇ ਨਿੱਜੀ ਹੁਨਰਾਂ ਅਤੇ ਯੋਗਤਾਵਾਂ ਨੂੰ ਵਧਾਉਣਾ ਤਾਂ ਜੋ ਉਨ੍ਹਾਂ ਦੀ ਅਪਾਹਜਤਾ ਦਾ ਅਸਰ ਰੁਕੇ ਜਾਂ ਘਟੇ

ਅ) ਸਰੀਰਕ ਭਲਾਈ – ਸਦਮੇ, ਤਣਾਉ, ਦਰਦ, ਵਿਗਾੜ ਨੂੰ ਘਟਾਉਣਾ; ਆਰਾਮ, ਤਾਕਤ, ਹਿਲਜੁੱਲਤਾ ਅਤੇ ਸਿਹਤ ਨੂੰ ਵਧਾਉਣਾ

ੲ) ਜਜ਼ਬਾਤੀ ਭਲਾਈ – ਸਦਮੇ, ਤਣਾਉ, ਦਰਦ, ਗੁੱਸੇ, ਨਿਰਾਸ਼ਾ ਨੂੰ ਘਟਾਉਣਾ; ਸਵੈ-ਭਰੋਸਾ, ਕਾਮਯਾਬੀ ਦੀ ਭਾਵਨਾ, ਖੁਸ਼ੀ ਅਤੇ ਆਸ ਨੂੰ ਵਧਾਉਣਾ

ਸ) ਆਜ਼ਾਦੀ – ਬੇਵੱਸੀ/ਨਿਰਭਰਤਾ ਨੂੰ ਘਟਾਉਣਾ; ਆਜ਼ਾਦ ਤੌਰ 'ਤੇ ਕੰਮ ਕਰਨ ਦੀ ਸਮਰੱਥਾ ਵਧਾਉਣਾ

ਹ) ਸਮਾਜਿਕ ਪ੍ਰਵਾਨਤਾ/ਮਿਲਾਪ – ਅਲਹਿਦਗੀ ਨੂੰ ਘਟਾਉਣਾ; ਸਾਥੀਆਂ ਵਿਚ ਪ੍ਰਵਾਨਤਾ, ਮਦਦ, ਆਮ ਸਬੰਧਾਂ, ਸ਼ਮੂਲੀਅਤ ਨੂੰ ਵਧਾਉਣਾ

## ਪਰਿਵਾਰ ਅਤੇ ਸੰਭਾਲ ਕਰਨ ਵਾਲੇ

ੳ) ਆਜ਼ਾਦੀ – ਬੇਵੱਸੀ ਨੂੰ ਘਟਾਉਣਾ; ਆਜ਼ਾਦ ਤੌਰ 'ਤੇ ਕੰਮ ਕਰਨ ਦੀ ਸਮਰੱਥਾ ਵਧਾਉਣਾ

ਅ) ਸਮਾਜਿਕ ਪ੍ਰਵਾਨਤਾ/ਮਿਲਾਪ – ਅਲਹਿਦਗੀ ਨੂੰ ਘਟਾਉਣਾ; ਅਪਾਹਜ ਬੱਚਿਆਂ ਦੀ ਸੰਭਾਲ ਕਰਨ ਵਾਲਿਆਂ ਦਰਮਿਆਨ ਆਪਸੀ ਮਦਦ ਵਧਾਉਣਾ ਅਤੇ ਬੱਚਿਆਂ ਦੀ ਸੰਭਾਲ ਕਰਨ ਵਾਲਿਆਂ ਤੋਂ ਮਦਦ ਲੈਣਾ

# ਕੇਸਾਂ ਦਾ ਤਾਲਮੇਲ ਅਤੇ ਸਰਵਿਸ ਦੀ ਵਿਉਂਤਬੰਦੀ

ਜੇ ਤੁਹਾਨੂੰ ਲੋੜ ਹੋਵੇ ਤਾਂ ਸੈਂਟਰ ਵਿਚ ਕਿਸੇ ਕੇਸ ਕੋਆਰਡੀਨੇਟਰ ਜਾਂ ਕੇਸ ਮੈਨੇਜਰ ਦੀ ਪਛਾਣ ਕਰਨ ਲਈ ਸੈਂਟਰ ਦਾ ਸਟਾਫ ਪਰਿਵਾਰਾਂ ਨਾਲ ਰਲ ਕੇ ਕੰਮ ਕਰੇਗਾ। ਕੇਸ ਕੋਆਰਡੀਨੇਟਰ/ਕੇਸ ਮੈਨੇਜਰ ਇਹ ਪੱਕਾ ਕਰਨ ਲਈ ਪਰਿਵਾਰਾਂ ਨਾਲ ਰਲ ਕੇ ਕੰਮ ਕਰਦਾ ਹੈ ਕਿ ਪਰਿਵਾਰਾਂ ਦੇ ਫਿਕਰ ਅਤੇ ਟੀਚਿਆਂ ਨੂੰ ਸੁਣਿਆ ਜਾਵੇ, ਬੱਚੇ ਦੇ ਵਿਕਾਸ ਅਤੇ ਪੁਨਰਵਾਸ ਦੇ ਸਮੁੱਚੇ ਪ੍ਰੋਗਰਾਮ ਦਾ ਤਾਲਮੇਲ ਕਰਨ ਵਿਚ ਮਦਦ ਹੋਵੇ ਅਤੇ ਉਨ੍ਹਾਂ ਸੁਝਾਵਾਂ ਨੂੰ ਤਰਜੀਹ ਦਿੱਤੀ ਜਾ ਸਕੇ ਜਿਹੜੇ ਵੱਖ ਵੱਖ ਪ੍ਰੈਕਟੀਸ਼ਨਰ ਦੇ ਸਕਦੇ ਹਨ।

ਸਰਵਿਸ ਬਾਰੇ ਵਿਉਂਤਬੰਦੀ ਕਰਨ ਵਾਲੀਆਂ ਮੀਟਿੰਗਾਂ, ਬੱਚੇ, ਪਰਿਵਾਰ ਅਤੇ ਇਲਾਜ ਕਰਨ ਵਾਲਿਆਂ ਲਈ ਰਲ ਕੇ ਬਹਿਣ ਅਤੇ ਵਿਉਂਤ ਬਣਾਉਣ ਦੇ ਮੌਕਿਆਂ ਵਿੱਚੋਂ ਇਕ ਹਨ। ਇਹ ਬੱਚੇ ਅਤੇ ਪਰਿਵਾਰ ਲਈ ਆਪਣੇ ਫਿਕਰਾਂ ਅਤੇ ਟੀਚਿਆਂ ਬਾਰੇ ਗੱਲਬਾਤ ਕਰਨ, ਇਲਾਜ ਕਰਨ ਵਾਲਿਆਂ ਅਤੇ ਹੋਰਨਾਂ ਵਲੋਂ ਲਾਏ ਗਏ ਅਨੁਮਾਨਾਂ ਅਤੇ ਕੀਤੀਆਂ ਗਈਆਂ ਸਿਫਾਰਸ਼ਾਂ ਬਾਰੇ ਸੁਣਨ ਅਤੇ ਅਜਿਹੀ ਵਿਉਂਤ ਦੀ ਚੋਣ ਕਰਨ ਦਾ ਇਕ ਮੌਕਾ ਹਨ ਜਿਹੜੀ ਫਾਇਦੇਮੰਦ ਹੈ ਅਤੇ ਕੀਤੀ ਜਾ ਸਕਦੀ ਹੈ। ਬੱਚੇ ਦੀਆਂ ਮਜ਼ਬੂਤੀਆਂ, ਲੋੜਾਂ, ਤਰੱਕੀ ਅਤੇ ਵਿਉਂਤਾਂ ਬਾਰੇ ਵਿਚਾਰ-ਵਟਾਂਦਰਾ ਹੁੰਦਾ ਹੈ।

## ਸਾਡੀ ਭਾਵਨਾ

ਜਿਨ੍ਹਾਂ ਲੋਕਾਂ ਨੂੰ ਅਸੀਂ ਸੇਵਾਵਾਂ ਦਿੰਦੇ ਹਾਂ, ਉਨ੍ਹਾਂ ਦੇ ਹੱਕ ਹਨ ਜਿਹੜੇ ਕਿ ਪ੍ਰਵਾਨਤ ਹਨ ਅਤੇ ਇਨ੍ਹਾਂ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ। ਇਨ੍ਹਾਂ ਹੱਕਾਂ ਵਿਚ ਸ਼ਾਮਲ ਹਨ:

- ਅਜਿਹੀ ਸਰਵਿਸ ਲੈਣ ਦਾ ਹੱਕ ਜਿਹੜੀ ਸਭਿਆਚਾਰ, ਉਮਰ, ਲਿੰਗ, ਸਮਾਜਿਕ-ਆਰਥਿਕ ਦਰਜੇ, ਬੋਲੀ, ਅਧਿਆਤਮਕ ਵਿਸ਼ਵਾਸ਼ਾਂ ਅਤੇ ਕਾਮੁਕ ਰੁਚੀਆਂ ਦਾ ਆਦਰ ਕਰਨ ਵਾਲੀ ਹੋਵੇ;
- ਜਿਨ੍ਹਾਂ ਲੋਕਾਂ ਨੂੰ ਸੇਵਾਵਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਬਾਰੇ ਜਾਣਕਾਰੀ ਨੂੰ ਗੁਪਤ ਰੱਖਣ ਦਾ ਹੱਕ;
- ਭੇਤਦਾਰੀ ਦੀਆਂ ਕਾਨੂੰਨੀ ਹੱਦਾਂ ਬਾਰੇ ਜਾਣਕਾਰੀ ਮਿਲਣ ਦਾ ਹੱਕ, ਜਿਸ ਵਿਚ ਇਹ ਮੰਗ ਵੀ ਸ਼ਾਮਲ ਹੈ ਕਿ ਅਸੀਂ ਸਰਕਾਰੀ ਕਾਨੂੰਨਾਂ ਅਤੇ ਅਦਾਲਤੀ ਹੁਕਮਾਂ ਦੀ ਪਾਲਣਾ ਕਰੀਏ ਜਿਵੇਂ ਕਿ ਬੱਚੇ ਦੀ ਹਿਫਾਜ਼ਤ ਬਾਰੇ ਫਿਕਰ, ਸਰਕਾਰੀ ਪਬਲਿਕ ਹੈਲਥ ਨੂੰ ਰਿਪੋਰਟ ਕਰਨ ਬਾਰੇ ਕਾਨੂੰਨੀ ਮੰਗਾਂ, ਰਿਪੋਰਟ ਕਰਨ ਦਾ ਫਰਜ਼ ਜੇ ਸਟਾਫ ਇਹ ਸ਼ੱਕ ਕਰਦਾ ਹੈ ਕਿ ਬੱਚਿਆਂ ਜਾਂ ਹੋਰਨਾਂ ਨੂੰ ਨੁਕਸਾਨ ਪਹੁੰਚਣ ਦਾ ਖਤਰਾ ਹੈ;
- ਪ੍ਰਾਈਵੇਸੀ ਦਾ ਹੱਕ;
- ਮਾੜੇ ਵਰਤਾਉ, ਸ਼ੋਸ਼ਣ, ਬਦਲੇ, ਬੇਇਜ਼ਤੀ ਜਾਂ ਅਣਗਿਹਲੀ ਤੋਂ ਆਜ਼ਾਦ ਰਹਿਣ ਦਾ ਹੱਕ;
- ਸੇਵਾਵਾਂ ਲੈ ਰਹੇ ਵਿਅਕਤੀ ਬਾਰੇ ਜਾਣਕਾਰੀ ਤੱਕ ਢੁਕਵੇਂ ਸਮੇਂ ਵਿਚ ਪਹੁੰਚ ਕਰਨ ਅਤੇ ਜਾਣਕਾਰੀ ਜਾਰੀ ਹੋਣ ਦਾ ਹੱਕ ਤਾਂ ਜੋ ਉਹ ਆਪਣਾ ਫੈਸਲਾ ਕਰ ਸਕੇ;
- ਜਾਣਕਾਰੀ ਲੈ ਕੇ ਸਹਿਮਤੀ ਦੇਣ, ਜਾਣਕਾਰੀ ਲੈ ਕੇ ਨਾਂਹ ਕਰਨ ਦਾ ਹੱਕ ਅਤੇ/ਜਾਂ ਸਰਵਿਸ ਦੇਣ ਦੇ ਤਰੀਕੇ, ਜਾਣਕਾਰੀ ਜਾਰੀ ਕਰਨ, ਸਹਿਯੋਗੀ ਸੇਵਾਵਾਂ, ਸੇਵਾਵਾਂ ਦੇਣ ਵਾਲੀ ਟੀਮ ਦੀ ਬਣਤਰ, ਖੋਜ ਵਾਲੇ ਪ੍ਰੋਜੈਕਟਾਂ ਵਿਚ ਸ਼ਮੂਲੀਅਤ, ਗੈਰ-ਰਵਾਇਤੀ ਜਾਂ ਨਵੇਂ ਇਲਾਜਾਂ ਵਿਚ ਸ਼ਮੂਲੀਅਤ ਬਾਰੇ ਚੋਣ ਦਾ ਪ੍ਰਗਟਾ ਕਰਨ ਦਾ ਹੱਕ;
- ਇਸ ਚੀਜ਼ ਬਾਰੇ ਜਾਣਕਾਰੀ ਲੈਣ ਦਾ ਹੱਕ ਕਿ ਜਦੋਂ ਸੇਵਾਵਾਂ ਲੈਣ ਵਾਲੇ ਵਿਅਕਤੀ ਕਿਸੇ ਖੋਜ ਵਿਚ ਸ਼ਾਮਲ ਹੋਣ ਤਾਂ ਅਸੀਂ ਖੋਜ ਕਰਨ ਬਾਰੇ ਗਾਈਡਲਾਈਨਾਂ ਅਤੇ ਨੈਤਿਕ ਨਿਯਮਾਂ ਦਾ ਕਿਵੇਂ ਸਮਰਥਨ ਕਰਨਾ ਹੈ;
- ਢੁਕਵੀਂ ਪ੍ਰਤੀਨਿਧਤਾ ਲਈ ਕਾਨੂੰਨੀ ਸੰਸਥਾਵਾਂ ਬਾਰੇ ਪਤਾ ਲੱਗਣ ਦਾ ਹੱਕ;
- ਸਵੈ-ਮਦਦ ਅਤੇ ਹਿਮਾਇਤੀ ਸਹਾਇਤਾ ਸੇਵਾਵਾਂ ਤੱਕ ਪਹੁੰਚ ਕਰਨ ਦਾ ਹੱਕ;
- ਹੱਕਾਂ ਦੀ ਕਥਿਤ ਉਲੰਘਣਾ ਦੀ ਪੜਤਾਲ ਕਰਵਾਉਣ ਅਤੇ ਇਸ ਦਾ ਹੱਲ ਕਰਵਾਉਣ ਦਾ ਹੱਕ;
- ਸਾਡੀਆਂ ਨੈਤਿਕ ਨੀਤੀਆਂ ਦੀ ਉਲੰਘਣਾ, ਧੋਖੇਬਾਜ਼ੀ, ਦੁਰਵਿਹਾਰ, ਫਜ਼ੂਲਖਰਚੀ ਅਤੇ ਹੋਰ ਗਲਤੀਆਂ ਦੇ ਦੋਸ਼ ਬਾਰੇ ਸ਼ਿਕਾਇਤ/ਰਿਪੋਰਟ ਕਰਨ ਦਾ ਹੱਕ ਅਤੇ ਅਜਿਹਾ ਸਾਡੇ ਨਾਲ ਜੁੜੇ ਕਿਸੇ ਵੀ ਵਿਅਕਤੀ ਵਲੋਂ ਸਰਵਿਸ ਲੈਣ ਵਾਲੇ ਵਿਅਕਤੀ ਵਿਰੁੱਧ ਨਿਕਲਣ ਵਾਲੇ ਕਿਸੇ ਗਲਤ ਸਿੱਟੇ, ਬਦਲੇ, ਸਰਵਿਸ ਵਿਚ ਰੁਕਾਵਟਾਂ ਜਾਂ ਬਦਲੇ ਦੀ ਭਾਵਨਾ ਤੋਂ ਬਿਨਾਂ ਕਰਨ ਦਾ ਹੱਕ।

## ਸੁਰੱਖਿਆ ਲਈ

ਅੱਗ ਲੱਗਣ, ਭੁਚਾਲ ਆਉਣ ਅਤੇ ਹੋਰ ਹੰਗਾਮੀ ਹਾਲਤਾਂ ਦੀ ਸੂਰਤ ਵਿਚ ਬਿਲਡਿੰਗ ਖਾਲੀ ਕਰਨ ਬਾਰੇ ਸਾਡੇ ਨਿਯਮ ਹਨ ਜਿਨ੍ਹਾਂ ਬਾਰੇ ਤੁਹਾਨੂੰ ਓਰੀਐਨਟੇਸ਼ਨ (ਜਾਣਕਾਰੀ ਦੇਣ ਵਾਲੀ ਬੈਠਕ) ਵਿਚ ਦੱਸਿਆ ਜਾਵੇਗਾ ਅਤੇ ਇਹ ਸਾਡੇ ਸਥਾਨਾਂ ਦੇ ਮੁੱਖ ਇਲਾਕਿਆਂ ਵਿਚ ਲਿਖ ਕੇ ਲਾਏ ਹੋਏ ਹਨ। ਸਿਹਤ ਅਤੇ ਸੁਰੱਖਿਆ ਨਾਲ ਸੰਬੰਧਿਤ ਸਾਡੀਆਂ ਨੀਤੀਆਂ ਅਤੇ ਤਰੀਕਿਆਂ ਦੀ ਨਕਲ ਹਰ ਸਥਾਨ ਦੇ ਉਡੀਕ ਕਰਨ ਵਾਲੀ ਥਾਂ ਵਿਚ ਪਈ ਹੈ।

ਅਸੀਂ ਐਮਰਜੰਸੀ ਵਿਚ ਵਰਤੋਂ ਲਈ ਰਸਦ (ਸਪਲਾਈ) ਦੇ ਪੈਕਟ ਰੱਖਦੇ ਹਾਂ ਜਿਸ ਵਿਚ 72 ਘੰਟਿਆਂ ਲਈ ਮੁਢਲੀ ਲੋੜਾਂ ਪੂਰੀਆਂ ਕਰਨ ਲਈ ਫਲੈਸ਼ਲਾਈਟਾਂ, ਮੁਢਲੀ ਸਹਾਇਤਾ ਲਈ ਸਾਜ਼-ਸਮਾਨ, ਜ਼ਿਆਦਾ ਤਾਕਤ ਵਾਲੀਆਂ ਬਾਰਾਂ ਅਤੇ ਪਾਣੀ ਸ਼ਾਮਲ ਹਨ।

## ਕਾਨੂੰਨੀ ਗਾਰਡੀਅਨਸ਼ਿਪ

ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਅਸੀਂ ਜਿਹੜੇ ਸਭ ਤੋਂ ਮਹੱਤਵਪੂਰਨ ਤਰੀਕਿਆਂ ਨਾਲ ਕੰਮ ਕਰਦੇ ਹਾਂ, ਉਨ੍ਹਾਂ ਵਿੱਚੋਂ ਇਕ ਇਹ ਯਕੀਨੀ ਬਣਾਉਣਾ ਹੈ ਕਿ ਸਾਡੇ ਕੋਲ ਇਸ ਗੱਲ ਬਾਰੇ ਨਵੀਂ ਜਾਣਕਾਰੀ ਹੈ ਕਿ ਉਨ੍ਹਾਂ ਲਈ ਸੇਵਾਵਾਂ ਮਨਜ਼ੂਰ ਕਰਨ ਦਾ ਹੱਕ ਕਿਸ ਨੂੰ ਹੈ, ਰਿਪੋਰਟਾਂ ਲੈਣ ਅਤੇ ਜਾਣਕਾਰੀ ਸਾਂਝੀ ਕਰਨ ਦਾ ਹੱਕ ਕਿਸ ਨੂੰ ਹੈ, ਅਤੇ ਬੱਚਿਆਂ ਨੂੰ ਆਪਣੀਆਂ ਅਪੌਇੰਟਮੈਂਟਾਂ ’ਤੇ ਛੱਡਣ ਅਤੇ ਚੁੱਕਣ ਲਈ ਕੌਣ ਜ਼ਿੰਮੇਵਾਰ ਹੈ। ਇਸ ਕਾਰਨ ਕਰਕੇ, ਅਸੀਂ ਤੁਹਾਡੇ ਤੋਂ ਕਾਨੂੰਨੀ ਗਾਰਡੀਅਨਸ਼ਿਪ ਬਾਰੇ ਅਤੇ

ਕਾਨੂੰਨੀ ਫੈਸਲੇ ਕਰਨ ਦੇ ਅਧਿਕਾਰਾਂ ਬਾਰੇ ਜਾਣਕਾਰੀ ਮੰਗਾਂਗੇ। ਅਸੀਂ ਇਹ ਮੰਗ ਵੀ ਕਰਦੇ ਹਾਂ ਕਿ ਕਾਨੂੰਨੀ ਦਰਜੇ ਵਿਚ ਜੇ ਕੋਈ ਤਬਦੀਲੀ ਆਵੇ ਤਾਂ ਤੁਸੀਂ ਇਸ ਬਾਰੇ ਸਾਨੂੰ ਲਿਖਤੀ ਰੂਪ ਵਿਚ ਦੱਸੋ।

## ਸੇਵਾਵਾਂ ਲੈਣ ਵਾਲੇ ਵਿਅਕਤੀਆਂ ਦੀ ਕੇਸ ਫਾਇਲਾਂ ਤੱਕ ਪਹੁੰਚ

ਕਾਨੂੰਨੀ ਗਾਰਡੀਅਨਾਂ ਨੂੰ, ਸੈਂਟਰ ਫਾਰ ਚਾਇਲਡ ਡਿਵੈਲਪਮੈਂਟ ਵਲੋਂ ਆਪਣੇ ਛੋਟੇ ਬੱਚਿਆਂ ਅਤੇ ਆਪਣੇ ਬਾਰੇ ਤਿਆਰ ਕੀਤੀਆਂ ਗਈਆਂ ਫਾਇਲਾਂ ਵਿਚਲੀ ਜਾਣਕਾਰੀ ਤੱਕ ਪਹੁੰਚ ਕਰਨ ਦਾ ਹੱਕ ਹੈ। ਆਮ ਤੌਰ ’ਤੇ, ਰਿਪੋਰਟਾਂ ਅਤੇ ਪਲੈਨਾਂ ਦੀਆਂ ਕਾਪੀਆਂ ’ਤੇ ਲੀਗਲ ਗਾਰਡੀਅਨ ਅਤੇ/ਜਾਂ ਜਿੱਥੇ ਢੁਕਵਾਂ ਹੋਵੇ 14 ਸਾਲ ਜਾਂ ਜ਼ਿਆਦਾ ਉਮਰ ਦੇ ਜਵਾਨ ਵਲੋਂ ਦਸਖਤ ਕੀਤੇ ਜਾਣਗੇ ਅਤੇ ਇਨ੍ਹਾਂ ਦੀਆਂ ਕਾਪੀਆਂ ਕਾਨੂੰਨੀ ਗਾਰਡੀਅਨ/14 ਸਾਲ ਤੋਂ ਉੱਪਰ ਦੇ ਜਵਾਨ ਨੂੰ ਦਿੱਤੀਆਂ ਜਾਣਗੀਆਂ। ਇਨ੍ਹਾਂ ਦੀਆਂ ਫਿਰ ਫੋਟੋਕਾਪੀਆਂ ਕੀਤੀਆਂ ਜਾ ਸਕਦੀਆਂ ਹਨ ਅਤੇ ਕਾਨੂੰਨੀ ਗਾਰਡੀਅਨ/ਜਵਾਨ ਵਲੋਂ ਅਗਾਂਹ ਹੋਰਨਾਂ ਨੂੰ ਲੋੜ ਮੁਤਾਬਕ ਦਿੱਤੀਆਂ ਜਾ ਸਕਦੀਆਂ ਹਨ।

ਕੇਸ ਫਾਇਲ ਵਿਚਲੀ ਜਾਣਕਾਰੀ ਵਿਚਾਰਨ ਲਈ ਸੇਵਾਵਾਂ ਲੈਣ ਵਾਲਾ ਵਿਅਕਤੀ ਆਪਣੇ ਕੇਸ ਕੋਆਰਡੀਨੇਟਰ ਜਾਂ ਫੈਮਿਲੀ ਸਰਵਿਸਿਜ਼ ਦੇ ਸਟਾਫ (604-587-4272) ਨਾਲ ਸੰਪਰਕ ਕਰੇਗਾ ਅਤੇ ਸਾਰਿਆਂ ਲਈ ਢੁਕਵਾਂ ਸਮਾਂ ਨਿਸ਼ਚਤ ਕਰੇਗਾ, ਜੋ ਕਿ ਲਿਖਤੀ ਬੇਨਤੀ ਮਿਲਣ ਦੀ ਤਰੀਕ ਤੋਂ ਬਾਅਦ 10 ਦਿਨਾਂ ਤੋਂ ਜ਼ਿਆਦਾ ਸਮਾਂ ਨਹੀਂ ਹੋਣਾ ਚਾਹੀਦਾ।

ਕਾਨੂੰਨੀ ਗਾਰਡੀਅਨ ਜਾਂ 14 ਸਾਲ ਤੋਂ ਉੱਪਰ ਦਾ ਜਵਾਨ, ਦਿੱਤੀ ਜਾਣ ਵਾਲੀ ਫਾਇਲ ਤੋਂ 10 ਦਿਨ ਪਹਿਲਾਂ, ਕੇਸ ਫਾਇਲ ਦੀ ਕਾਪੀ ਮੰਗ ਸਕਦੇ ਹਨ। ਅਜਿਹੀਆਂ ਸਾਰੀਆਂ ਬੇਨਤੀਆਂ ਚੀਫ ਓਪਰੇਟਿੰਗ ਅਫਸਰ ਜਾਂ ਚੀਫ ਫਾਇਨੈਂਸ਼ੀਅਲ ਅਫਸਰ ਨੂੰ ਭੇਜੀਆਂ ਜਾਂਦੀਆਂ ਹਨ। ਫੋਟੋਕਾਪੀਆਂ ਲਈ ਹਰ ਸਫੇ ਦੇ 10 ਸੈਂਟ ਲਏ ਜਾਂਦੇ ਹਨ।

### ਕਿਰਪਾ ਕਰਕੇ

- ਜੇ ਤੁਸੀਂ ਸੈਂਟਰ ਵਿਖੇ, ਆਪਣੇ ਘਰ ਵਿਚ ਜਾਂ ਕਿਸੇ ਹੋਰ ਥਾਂ ’ਤੇ ਮਿੱਥੀ ਗਈ ਅਪੌਇੰਟਮੈਂਟ ਵਿਚ ਹਾਜ਼ਰ ਹੋਣ ਦੇ ਯੋਗ ਨਾ ਹੋਵੋ ਤਾਂ ਜਿੰਨਾ ਵੀ ਛੇਤੀ ਹੋ ਸਕੇ, ਘੱਟੋ ਘੱਟ 24 ਘੰਟੇ ਪਹਿਲਾਂ ਸੈਂਟਰ ਨੂੰ ਇਸ ਬਾਰੇ ਦੱਸੋ। ਕਿਰਪਾ ਕਰਕੇ (604) 584-1361 ’ਤੇ ਫੋਨ ਕਰੋ ਅਤੇ ਆਪਣੇ ਥੈਰਾਪਿਸਟ ਜਾਂ ਰਿਸੈਪਸ਼ਨਿਸਟ ਨੂੰ ਜਾਂ ਵੋਆਇਸ ਮੇਲ ’ਤੇ ਸੁਨੇਹਾ ਛੱਡੋ।
- ਜੇ ਤੁਸੀਂ ਜਾਂ ਤੁਹਾਡਾ ਬੱਚਾ ਬੀਮਾਰ ਹੋਵੋ ਜਾਂ ਜ਼ੁਕਾਮ ਹੋਇਆ ਹੋਵੇ ਤਾਂ ਅਪੌਇੰਟਮੈਂਟ ਕੈਂਸਲ ਕਰ ਦਿਉ। ਸਾਡੀਆਂ ਸੇਵਾਵਾਂ ਵਾਲੇ ਕੁਝ ਬੱਚਿਆਂ ਨੂੰ ਵਾਇਰਸ ਲੱਗਣ ਦਾ ਖਤਰਾ ਆਮ ਸਿਹਤਮੰਦ ਬੱਚਿਆਂ ਨਾਲੋਂ ਜ਼ਿਆਦਾ ਹੁੰਦਾ ਹੈ।

## ਸੈਂਟਰ ਦੀਆਂ ਫੀਸਾਂ

ਇਸ ਵੇਲੇ ਅਸੀਂ ਜਨਮ ਤੋਂ ਲੈ ਕੇ ਸਕੂਲ ਦਾਖਲੇ ਦੀ ਉਮਰ ਦੇ ਬੱਚਿਆਂ ਦੀ ਸਰੀਰਕ ਥੈਰੇਪੀ (ਇਲਾਜ), ਆਕੂਪੇਸ਼ਨਲ ਥੈਰੇਪੀ ਅਤੇ ਬੋਲਚਾਲ ਨਾਲ ਸੰਬੰਧਿਤ ਥੈਰੇਪੀ ਬਿਨਾਂ ਕਿਸੇ ਫੀਸ ਦੇ ਕਰਦੇ ਹਾਂ। ਜੇ ਇਸ ਤੋਂ ਬਾਅਦ ਸਰਵਿਸ ਦੀ ਲੋੜ ਹੋਵੇ ਅਤੇ ਸਰਵਿਸ ਦੇਣ ਲਈ ਸਾਡੇ ਕੋਲ ਸਟਾਫ ਮੌਜੂਦ ਹੋਵੇ ਤਾਂ ਇਨ੍ਹਾਂ ਸੇਵਾਵਾਂ ਲਈ ਖਰਚਾ ਦੇਣਾ ਪੈਂਦਾ ਹੈ। ਸਕੂਲ ਵਿਚ ਥੈਰੇਪੀ, ਸਕੂਲ, ਪਰਿਵਾਰ ਅਤੇ ਸੈਂਟਰ ਵਿਚਕਾਰ ਪ੍ਰਾਈਵੇਟ ਇਕਰਾਰਨਾਮਿਆਂ ਰਾਹੀਂ ਦਿੱਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ, ਦਿੱਤੀਆਂ ਜਾਣ ਵਾਲੀਆਂ ਕਈ ਹੋਰ ਸੇਵਾਵਾਂ ਦਾ ਖਰਚਾ ਵੀ ਦੇਣਾ ਪੈਂਦਾ ਹੈ, ਜਿਵੇਂ ਕਿ ਸਾਜ਼-ਸਮਾਨ/ਖਿਡੌਣਿਆਂ ਨੂੰ ਲੋਨ ’ਤੇ ਦੇਣ ਦਾ ਪ੍ਰੋਗਰਾਮ, ਮਨੋਰੰਜਨ ਦੀਆਂ ਸੇਵਾਵਾਂ, ਹੇਨਨ ਕੋਰਸ ਅਤੇ ਹੋਰ ਪ੍ਰੋਗਰਾਮ। ਹਰ ਕੇਸ ਵਿਚ ਫੀਸਾਂ ਬਾਰੇ ਤੁਹਾਨੂੰ ਪਹਿਲਾਂ ਦੱਸਿਆ ਜਾਵੇਗਾ ਅਤੇ ਤੁਹਾਨੂੰ ਸਰਵਿਸ ਲੈਣ ਜਾਂ ਲੈਣ ਤੋਂ ਨਾਂਹ ਕਰਨ ਦਾ ਮੌਕਾ ਮਿਲੇਗਾ। ਜੇ ਤੁਸੀਂ ਸਰਵਿਸ ਮਨਜ਼ੂਰ ਕਰਦੇ ਹੋ ਤਾਂ ਤੁਹਾਨੂੰ ਸੇਵਾਵਾਂ ਦੀ ਵਰਤੋਂ ਕਰਨ ਕਰਕੇ ਮਹੀਨਾਵਾਰ ਬਿੱਲ ਦਿੱਤਾ ਜਾਵੇਗਾ।

ਸਾਡੇ ਥੈਰੇਪਿਸਟਾਂ ਵਲੋਂ, ਸਰਕਾਰੀ ਸਕੂਲਾਂ ਵਿਚ ਦਾਖਲ ਬੱਚਿਆਂ ਲਈ ਸੇਵਾਵਾਂ ਸਕੂਲ ਜਿਲ੍ਹਿਆਂ ਨਾਲ ਸਮਝੌਤੇ ਅਧੀਨ ਦਿੱਤੀਆਂ ਜਾ ਸਕਦੀਆਂ ਹਨ। ਇਨ੍ਹਾਂ ਸੇਵਾਵਾਂ ਲਈ ਮੰਗ ਸਕੂਲਾਂ ਤੋਂ ਆਉਣੀ ਜ਼ਰੂਰੀ ਹੈ।

ਤੁਹਾਡੇ ਬੱਚੇ ਦੀ ਪ੍ਰੀ-ਸਕੂਲ ਵਿਚ ਸ਼ਮੂਲੀਅਤ ਨਾਲ ਵੀ ਜੁੜੀਆਂ ਹੋਈਆਂ ਫੀਸਾਂ ਹਨ। ਇਹ ਵੱਖ ਵੱਖ ਹਾਲਤਾਂ ਮੁਤਾਬਕ ਵੱਖ ਵੱਖ ਹੁੰਦੀਆਂ ਹਨ ਅਤੇ ਇਨ੍ਹਾਂ ’ਤੇ ਤੁਹਾਡੇ ਕੇਸ ਕੋਆਰਡੀਨੇਟਰ ਵਲੋਂ ਵਿਚਾਰ ਕੀਤੀ ਜਾਵੇਗੀ।

ਗਰਮੀਆਂ ਦੇ ਮਹੀਨਿਆਂ ਵਿਚ, ਸੈਂਟਰ ਸੀਮਤ ਰੂਪ ਵਿਚ ਆਰਾਮ ਦਿਵਾਉਣ ਲਈ ਸੰਭਾਲ ਪ੍ਰਦਾਨ ਕਰਨ ਦੇ ਯੋਗ ਵੀ ਹੁੰਦਾ ਹੈ। ਇਸ ਸਰਵਿਸ ਦੀਆਂ ਫੀਸਾਂ ਹਨ ਜਿਨ੍ਹਾਂ ਬਾਰੇ ਤੁਹਾਨੂੰ ਸਰਵਿਸ ਲੈਣ ਜਾਂ ਲੈਣ ਤੋਂ ਨਾਂਹ ਕਰਨ ਤੋਂ ਪਹਿਲਾਂ ਦੱਸਿਆ ਜਾਵੇਗਾ।

ਸਾਡਾ ਟੀਚਾ ਲੋੜਵੰਦ ਸਾਰੇ ਬੱਚਿਆਂ ਅਤੇ ਪਰਿਵਾਰਾਂ ਨੂੰ ਸੇਵਾਵਾਂ ਦੇਣ ਦਾ ਹੈ ਜਿਹੜੇ ਸਾਡੀਆਂ ਸੇਵਾਵਾਂ ਦੇ ਹੱਕਦਾਰ ਹਨ। ਜੇ ਇਨ੍ਹਾਂ ਵਿੱਚੋਂ ਕੋਈ ਵੀ ਫੀਸ ਤੁਹਾਡੇ ਪਰਿਵਾਰ ਲਈ ਮਾਇਕ ਤੰਗੀ ਦਾ ਕਾਰਨ ਬਣਦੀ ਹੈ ਤਾਂ ਕਿਰਪਾ ਕਰਕੇ ਆਪਣੇ ਕੇਸ ਕੋਆਰਡੀਨੇਟਰ ਨੂੰ ਦੱਸੋ ਜਾਂ 604-584-1361, ਲੋਕਲ 2280 'ਤੇ ਅਕਾਊਂਟਿੰਗ ਡਿਪਾਰਟਮੈਂਟ ਨਾਲ ਸੰਪਰਕ ਕਰੋ। ਸ਼ਾਇਦ ਅਸੀਂ ਹੋਰ ਪ੍ਰਬੰਧ ਕਰ ਸਕਦੇ ਹੋਈਏ।

ਸਾਡੇ ਕੋਲ ਅੱਗੇ ਲਿਖੇ ਵਿਸ਼ਿਆਂ ਬਾਰੇ ਬਰੋਸ਼ਰ ਵੀ ਹਨ। ਜੇ ਤੁਸੀਂ ਕਾਪੀ ਲੈਣਾ ਚਾਹੋ ਤਾਂ ਕਿਰਪਾ ਕਰਕੇ ਫਰੰਟ ਡੈੱਸਕ ਰਿਸੈਪਸ਼ਨ ਤੋਂ ਮੰਗੋ।

**ਖਾਸ ਸੇਵਾਵਾਂ ਅਤੇ ਟੀਮਾਂ ਵਿਚ ਇਹ ਸ਼ਾਮਲ ਹਨ:**
ਔਟਿਜ਼ਮ ਸਪੈੱਕਟਰਮ ਡਿਸਔਰਡਰ (ਆਪਣੇ ਆਪ ਵਿਚ ਲੀਨ ਰਹਿਣ ਦੇ ਵਿਗਾੜ ਲਈ ਸੇਵਾਵਾਂ)
ਡਾਇਗਨੌਸਟਿਕ ਸਰਵਿਸਿਜ਼ (ਰੋਗ ਦੀ ਪਛਾਣ ਕਰਨ ਦੀਆਂ ਸੇਵਾਵਾਂ)
ਕਾਸਟਿੰਗ ਐਂਡ ਸਪਲਿੰਟਿੰਗ ਟੀਮ
ਈਟਿੰਗ ਸਕਿਲਜ਼ ਟੀਮ (ਖਾਣਿਆਂ ਦੇ ਹੁਨਰਾਂ ਬਾਰੇ ਟੀਮ)
ਇਕੁਇਪਮੈਂਟ ਟੀਮ (ਸਾਜ਼-ਸਮਾਨ ਬਾਰੇ ਟੀਮ)

**ਸਾਜ਼-ਸਮਾਨ ਅਤੇ ਖਿਡੌਣੇ ਲੋਨ 'ਤੇ ਦੇਣ ਦਾ ਪ੍ਰੋਗਰਾਮ**

**ਬੋਲਚਾਲ ਵਿਕਸਿਤ ਕਰਨ ਦੀਆਂ ਸੇਵਾਵਾਂ**

**ਬੱਚੇ ਦੇ ਵਿਕਾਸ ਲਈ ਸਹਾਇਤਾਕਾਰੀ ਪ੍ਰੋਗਰਾਮ**

**ਸੁਰੱਖਿਅਤ ਛੋਟੇ ਬੱਚੇ**

**ਪ੍ਰੀਸਕੂਲ**

**ਮਨੋਰੰਜਨ ਦੀਆਂ ਸੇਵਾਵਾਂ**

**ਮਨੋਵਿਗਿਆਨ ਅਤੇ ਮਾਪਿਆਂ ਨੂੰ ਮਦਦ ਦੀਆਂ ਸੇਵਾਵਾਂ**

**ਬੱਚਿਆਂ ਦੀਆਂ ਵਿਕਾਸ ਨਾਲ ਸੰਬੰਧਿਤ ਸਮੱਸਿਆਵਾਂ ਲਈ ਸੇਵਾਵਾਂ**

**ਪਰਿਵਾਰਕ ਸੇਵਾਵਾਂ**

**ਆਕੂਪੇਸ਼ਨਲ ਥੈਰੇਪੀ**

**ਸਰੀਰਕ ਇਲਾਜ**

**ਐੱਫ ਏ ਐੱਸ ਡੀ ਅਤੇ ਇਸ ਨਾਲ ਸੰਬੰਧਿਤ ਗੁੰਝਲਦਾਰ ਵਰਤਾਉ ਦੀਆਂ ਹਾਲਤਾਂ**

ਅਗਸਤ 2007
www.centreforchilddevelopment.ca

**9460 – 140th Street**
**Surrey, B. C.  V3V 5Z4**
**604-584-1361**

ਲੈਂਗਲੀ ਦਫਤਰ

ਲੁੱਕਆਊਟ ਪ੍ਰੀਸਕੂਲ